# ਸ਼੍ਰੇਣੀ - ਨੌਵੀਂ (ਸਮਾਜਿਕ ਸਿੱਖਿਆ) 2016-17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | (ਭੂਗੋਲ)<br>ਪਾਠ-1<br>ਵਾਤਾਵਰਨ/ ਪਰਿਸਥਿਤ ਮੰਡਲ ਅਤੇ ਕਿਸਮਾਂ | ਵਿਦਿਆਰਥੀਆਂ ਵਿੱਚ ਵਾਤਾਵਰਨ, ਬਦਲਦੇ ਵਾਤਾਵਰਣ ਜਿਸ ਵਿੱਚ ਥਲ ਪਰਿਸਥਿਤੀ ਮੰਡਲ ਅਤੇ ਜਲ ਪਰਿਸਥਿਤੀ ਮੰਡਲ ਬਾਰੇ ਜਾਣਕਾਰੀ ਦੇ ਕੇ ਸਮਝ ਪੈਦਾ ਕਰਨਾ। | • ਇਸ ਪਾਠ ਨੂੰ ਆਲੇ-ਦੁਆਲੇ ਦੀਆਂ ਭੂਗੋਲਿਕ ਆਕ੍ਰਿਤੀਆਂ ਦੀਆਂ ਉਦਾਹਰਣਾਂ ਦੇ ਕੇ ਸਮਝਾਇਆ ਜਾਵੇਗਾ।<br>• ਵਾਯੂਮੰਡਲ ਦੀ ਰਚਨਾ ਅਤੇ ਢਾਂਚੇ ਦਾ ਚਾਰਟ ਬਣਾਇਆ ਜਾਵੇ।<br>• ਮਹਾਂਸਾਗਰੀ ਧਰਾਤਲ ਦਾ ਕਲੇ ਮਾਡਲ ਗਰੁੱਪ ਵਿੱਚ ਬਣਾਇਆ ਜਾਵੇ।<br>• ਅਧਿਆਪਕ ਵਾਤਾਵਰਨ ਨਾਲ ਸਬੰਧਤ ਵੀਡੀਓ ਜਿਸ ਵਿੱਚ ਬਦਲਦਾ ਵਾਤਾਵਰਨ ਹੋਵੇ, ਨੂੰ ਇੰਟਰਨੈੱਟ ਤੋਂ ਦਿਖਾਵੇਗਾ। |
| | (ਇਤਿਹਾਸ)<br>ਪਾਠ-1<br>ਪੂਰਵ-ਇਤਿਹਾਸ (ਜਾਣ-ਪਛਾਣ) ਅਤੇ ਕਾਸਾਂ ਯੁੱਗ ਦੀਆਂ ਸੱਭਿਅਤਾਵਾਂ | • ਪੂਰਵ ਇਤਿਹਾਸ ਤੋਂ ਮਨੁੱਖ ਦੇ ਨਿਰੰਤਰ ਵਿਕਾਸ ਬਾਰੇ ਸਮਝ ਪੈਦਾ ਕਰਨਾ।<br>• ਭਾਰਤੀ ਉਪ ਮਹਾਂਦੀਪ ਦੀਆਂ ਸੱਭਿਆਤਾਵਾਂ ਦੇਨਾਲ-ਨਾਲ ਸੰਸਾਰ ਦੀਆਂ ਸੱਭਿਆਤਾਵਾਂ ਦੇ ਵਿਕਾਸ ਸਬੰਧੀ ਸਮਝ ਪੈਦਾ ਕਰਨਾ। | • ਮਨੁੱਖ ਦੇ ਵਿਕਾਸ ਦਾ ਫਲੋ ਚਾਰਟ ਤਿਆਰ ਕਰੋ।<br>• ਸਿੰਧੂ ਘਾਟੀ ਦੀ ਸੱਭਿਅਤਾ ਨਾ ਸਬੰਧਤ ਤਸਵੀਰਾਂ ਸਕੂਲ ਬੋਰਡ ਤੇ ਲਗਾਓ।<br>• ਸੰਸਾਰ ਦੇ ਨਕਸ਼ੇ ਦੇ ਖਾਕੇ ਵਿੱਚ ਕਾਸਾਂ ਯੁੱਗ ਦੀਆਂ ਸੱਭਿਆਤਾਵਾਂ ਅੰਕਿਤ ਕਰੋ ਤੇ ਅਭਿਆਸ ਕਾਪੀ ਵਿੱਚ ਲਗਾਓ।<br>• ਭਾਰਤ ਦੇ ਨਕਸ਼ੇ ਦੇ ਖਾਕੇ ਵਿੱਚ ਸਿੰਧੂ ਘਾਟੀ ਦੀ ਸੱਭਿਅਤਾ ਦੇ ਸਥਾਨ ਅੰਕਿਤ ਕਰਕੇ ਅਭਿਆਸ ਕਾਪੀ ਵਿੱਚ ਚਿਪਕਾਓ। |
| | (ਨਾਗਰਿਕ ਸ਼ਾਸਤਰ)<br>ਪਾਠ-1<br>ਮਨੁੱਖ ਇੱਕ ਸਮਾਜਿਕ | ਸਮਾਜ ਵਿੱਚ ਰਹਿਣ ਵਾਲੇ ਪਰਿਵਾਰਾਂ ਅਤੇ ਉਹਨਾਂਦੀ ਨਾਗਰਿਕਤਾ ਬਾਰੇ ਜਾਣਕਾਰੀ | • ਪਰਿਵਾਰਾਂ ਦੀਆਂ ਕਿਸਮਾਂ ਤੇ ਚਾਰਟ ਬਣਾਇਆ ਜਾਵੇ। |

| | | | |
|---|---|---|---|
| | ਪ੍ਰਾਣੀ | ਦੇਣਾ। | |
| | (ਅਰਥ ਸ਼ਾਸਤਰ)<br>ਪਾਠ-1<br>ਮੁੱਢਲੀਆਂ ਧਾਰਨਾਵਾਂ (ਲੜੀ ਨੰ: 1 ਤੋਂ 6 ਤੱਕ) ਉਪਯੋਗਤਾ ਤੋਂ ਪੂਰਤੀ ਤੱਕ | ਅਰਥ ਵਿਵਸਥਾ ਨਾਲ ਸਬੰਧਤ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ ਦੇਣਾ। | • ਸਬੰਧਤ ਪ੍ਰੀਭਾਸ਼ਾਵਾਂ ਦਾ ਚਾਰਟ ਤਿਆਰ ਕੀਤਾ ਜਾਵੇ। |
| | (ਭੂਗੋਲ)<br>ਪਾਠ-2<br>ਭੂ-ਪਰਿਸਥਿਤ ਮੰਡਲ ਅਤੇ ਇਸਦਾ ਬਦਲਦਾ ਰੂਪ | • ਵਿਦਿਆਰਥੀਆਂ ਨੂੰ ਧਰਤੀ ਤੇ ਜਲ, ਥਲ ਦੀ ਵੰਡ, ਚੌਫ਼ਲਕੀ ਦਾ ਸਿਧਾਂਤ ਅਤੇ ਪ੍ਰਿਥਵੀ ਦੇ ਬਦਲਦੇ ਸਰੂਪ ਲਈ ਜਿੰਮੇਵਾਰ ਕਾਰਕਾਂ ਜਾਂ ਸ਼ਕਤੀਆਂ ਬਾਰੇ ਜਾਣੂ ਕਰਵਾਉਣਾ। | • ਅਧਿਆਪਕ ਚੌਫ਼ਲਕੀ ਦੇ ਜਲ ਥਲ ਦੀ ਵੰਡ ਨੂੰ ਇੰਟਰਨੈੱਟ ਤੋਂ ਵੀਡੀਓ ਰਾਹੀਂ ਸਮਝਾਵੇਗਾ।<br>• ਅਧਿਆਪਕ ਵਿਦਿਆਰਥੀਆਂ ਤੋਂ ਧਰਤੀ ਦੇ ਬਦਲਦੇ ਕਾਰਕਾਂ ਦਾ ਚਾਰਟ ਬਣਵਾਏਗਾ। |
| | ਪਾਠ-3<br>ਭੂ-ਪਰਿਸਥਿਤ ਮੰਡਲ ਨੂੰ ਪ੍ਰਭਾਵਿਤ ਕਰਨ ਵਾਲੇ - ਬਾਹਰਲੇ ਕਾਰਕ | • ਵਿਦਿਆਰਥੀਆਂ ਨੂੰ ਪ੍ਰਿਥਵੀ ਦੇ ਪਰਿਵਰਤਨ ਦੇ ਬਾਹਰਲੇ ਕਾਰਕਾਂ ਤੋਂ ਜਾਣੂ ਕਰਵਾਉਣਾ। ਜਿਸ ਵਿੱਚ ਖਾਸ ਕਰਕੇ ਮੁੱਖ ਕਾਰਕ ਵਗਦਾ ਜਲ, ਭੂ-ਜਲ, ਹਵਾ, ਗਲੇਸ਼ੀਅਰ ਅਤੇ ਸਮੁੰਦਰੀ ਲਹਿਰਾਂ ਦੀਆਂ ਭੂ-ਆਕ੍ਰਿਤੀਆਂ ਨੂੰ ਸਮਝਾਉਣਾ। | • ਧਰਤੀ ਦੇ ਪਰਿਵਰਤਨ ਕਾਰਕਾਂ ਦੇ ਚਾਰਟ ਵਿਦਿਆਰਥੀਆਂ ਦੇ ਅਲੱਗ-ਅਲੱਗ ਗਰੁੱਪ ਬਣਾ ਕੇ ਦਿੱਤੇ ਜਾਣ ਅਤੇ ਜਮਾਤ ਵਿੱਚ ਲਗਾਏ ਜਾਣ।<br>• ਵੱਖ-ਵੱਖ ਭੂ-ਆਕ੍ਰਿਤੀਆਂ ਨੂੰ ਕਾਪੀ ਵਿੱਚ ਬਣਵਾ ਕੇ ਅਭਿਆਸਾ ਕਰਵਾਇਆ ਜਾਵੇ।<br>• ਪਰਿਵਰਤਨ ਦੇ ਬਾਹਰਲੇ ਕਾਰਕਾਂ ਦਾ ਕੁਇਜ਼ ਕਰਵਾਇਆ ਜਾਵੇ, ਤਾਂ ਜੋ ਵਿਦਿਆਰਥੀ ਨਵੀਂ ਮਿਲੀ ਸ਼ਬਦਾਵਲੀ ਤੋਂ ਜਾਣੂ ਹੋ ਸਕਣ ਜਿਵੇ; ਡੈਲਟਾ, ਐਸਚੁਰੀ ਆਦਿ। |
| ਮਈ | (ਇਤਿਹਾਸ)<br>ਪਾਠ-2<br>ਮੁੱਢਲੇ ਲੋਹ-ਯੁੱਗ ਦਾ | ਲੋਹੇ ਦੀ ਖੋਜ਼ ਨਾਲ ਕਿਸ ਤਰ੍ਹਾਂ ਭਾਰਤ, ਚੀਨ, ਯੂਨਾਨ ਅਤੇ ਰੋਮ ਦੀਆਂ ਸੱਭਿਅਤਾ ’ਚ | • ਸਮਾਂ ਰੇਖਾ ਬਣਾਓ- 1200 ਈ: ਪੂਰਵ ਤੋਂ 600 ਈ: ਤੱਕ। |

| | | | |
|---|---|---|---|
| | ਸਮਾਜ (1200 ਈ: ਪੂਰਵ ਤੋਂ 600 ਈ: ਤੱਕ) | ਤਬਦੀਲੀ ਆਈ ਅਤੇ ਸੱਭਿਆਤਾਵਾਂ ਦੇ ਵਿਕਾਸ ਦੀ ਸਮਝ ਪੈਦਾ ਕਰਨੀ। | • ਲੋਹ ਯੁੱਗ ਦੀ ਭਾਰਤੀ ਸੱਭਿਅਤਾ ਅਤੇ ਚੀਨ, ਯੂਨਾਨ ਅਤੇ ਰੋਮ ਦੀਆਂ ਲੋਹ ਯੁੱਗ ਦੀਆਂ ਸੱਭਿਅਤਾਵਾਂ ਦਾ ਤੁਲਨਾਤਮਕ ਚਾਰਟ ਅਭਿਆਸ ਕਾਪੀ ਤੇ ਤਿਆਰ ਕਰੋ।<br>• ਸੰਸਾਰ ਦੇ ਨਕਸ਼ੇ ਦੇ ਖਾਕੇ ਵਿੱਚ ਚੀਨ, ਯੂਨਾਨ ਤੇ ਰੋਮ ਦੀਆਂ ਸੱਭਿਅਤਾਵਾਂ ਦੇ ਕੇਂਦਰ ਅੰਕਿਤ ਕਰੋ।<br>• ਵੱਖ-ਵੱਖ ਸੱਭਿਅਤਾਂ ਦੀਆਂ ਤਸਵੀਰਾਂ ਇਕੱਤਰ ਕਰਕੇ ਕਲਾਸ ਬੋਰਡ ਤੇ ਲਗਾਓ। |
| | ਪਾਠ-3<br>ਮੱਧ ਕਾਲੀਨ ਸੰਸਾਰ | ਮੱਧ-ਕਾਲ ’ਚ ਯੂਰਪ, ਅਰਬ ਅਤੇ ਭਾਰਤੀ ਸਮਾਜ ’ਚ ਅਤੇ ਰਾਜਨੀਤਿਕ ਤੌਰ ਤੇ ਆਈਆਂ ਤਬਦੀਲੀਆਂ ਬਾਰੇ ਸਮਝ ਪੈਦਾ ਕਰਨਾ। | • ਯੂਰਪ ਵਿੱਚ ਆਈਆਂ ਰਾਜਨੀਤਿਕ ਤਬਦੀਲੀਆਂ ਦਾ ਫਲੋ ਚਾਰਟ ਅਭਿਆਸ ਕਾਪੀ ਤੇ ਬਣਾਓ।<br>• ਭਾਰਤ ਵਿੱਚ ਆਈਆਂ ਰਾਜਨੀਤਿਕ ਤਬਦੀਲੀਆਂ ਦਾ ਫਲੋ ਚਾਰਟ ਅਭਿਆਸ ਕਾਪੀ ਤੇ ਬਣਾਓ।<br>• ਯੂਰਪ, ਅਰਬ ਅਤੇ ਭਾਰਤ ਦੀਆਂ ਰਾਜਨੀਤਿਕ ਤਬਦੀਲੀਆਂ ਸਬੰਧੀ ਪ੍ਰੋਜੈਕਟ-ਵਰਕ ਕਲਾਸ ਨੂੰ ਦਿੱਤਾ ਜਾਵੇ। |
| | (ਨਾਗਰਿਕ ਸ਼ਾਸ਼ਤਰ)<br>ਪਾਠ-2<br>ਸਰਕਾਰ | ਸਰਕਾਰ ਦੇ ਤਿੰਨਾਂ ਅੰਗਾਂ ਬਾਰੇ ਜਾਣੂ ਕਰਵਾਉਣਾ। | • ਜਮਾਤ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਕਿਸੇ ਵੀ ਕਾਨੂੰਨ ਨੂੰ ਬਣਾਉਣ ਤੋਂ ਲੈ ਕੇ ਵਿਆਖਿਆ ਤੱਕ ਦੀ ਪ੍ਰਕਿਰਿਆ ਦਾ ਰੋਲ ਪਲੇਅ ਕਰਾਇਆ ਜਾਵੇ। |
| | (ਅਰਥ ਸ਼ਾਸਤਰ)<br>ਪਾਠ-1<br>ਮੁੱਢਲੀਆ ਧਾਰਨਾਵਾ<br>(ਪੂਰਤੀ ਤੋਂ ਸੰਤੁਲਨ | ਅਰਥ ਵਿਵਸਥਾ ਨਾਲ ਸਬੰਧਤ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ ਦੇਣਾ। | • ਸਬੰਧਤ ਪ੍ਰੀਭਾਸ਼ਾਵਾਂ ਦਾ ਫਲੋ ਚਾਰਟ ਤਿਆਰ ਕੀਤਾ ਜਾਵੇ। |

| | | | |
|---|---|---|---|
| | ਤੱਕ) ਲੜੀ ਨੰ: 7 ਤੋਂ 12 ਤੱਕ | | |
| ਜੁਲਾਈ | (ਭੂਗੋਲ)<br>ਪਾਠ-4<br>ਭੂ-ਪਰਿਸਥਿਤੀ ਮੰਡਲ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ- ਅੰਦਰੂਨੀ ਕਾਰਕ | ਵਿਦਿਆਰਥੀਆਂ ਨੂੰ ਧਰਾਤਲ ਤੇ ਆਉਣ ਵਾਲੀਆਂ ਤਬਦੀਲੀਆਂ ਦੇ ਅੰਦਰੂਨੀ ਕਾਰਕਾਂ ਬਾਰੇ ਜਾਣੂ ਕਰਵਾਉਣਾ। | • ਧਰਤੀ ਦੀਆਂ ਅੰਦਰੂਨੀ ਗਤੀਆਂ ਜੋ ਕਿ ਬਦਲਾਅ ਲਿਆਉਂਦੀਆਂ ਹਨ, ਨੂੰ ਬਲੈਕ ਬੋਰਡ ਤੇ ਟੇਬਲ ਬਣਾ ਕੇ ਸਮਝਾਇਆ ਜਾਵੇ।<br>• ਜਵਾਲਾਮੁੱਖੀ ਦੇ ਮਾਡਲ ਬਣਵਾ ਕੇ ਸਮਝਾਇਆ ਜਾਵੇ।<br>• ਭੂਚਾਲਾਂ ਦੇ ਕੋਨਸੈਪਟ ਨੂੰ ਵਿਗਿਆਨਕ ਵਿਧੀ ਨਾਲ ਸਮਝਾਇਆ ਜਾਵੇ।<br>• ਭੂਚਾਲਾਂ ਅਤੇ ਜਵਾਲਾਮੁਖੀ ਨਾਲ ਸਬੰਧਤ ਵੀਡੀਓਜ਼ ਨੂੰ ਇੰਟਰਨੈੱਟ ਤੋਂ ਲੈ ਕੇ ਸਮਝਾਉਂਦੇ ਹੋਏ ਸੰਸਾਰ ਵਿੱਚ ਵੰਡ ਨੂੰ ਸਮਝਾਇਆ ਜਾਵੇ।<br>• ਸੰਸਾਰ ਦੇ ਭੂਚਾਲ ਖੇਤਰਾਂ ਨੂੰ ਨਕਸ਼ੇਤੇ ਭਰਵਾਇਆ ਜਾਵੇ। |
| | ਪਾਠ-5<br>ਜਲ-ਪਰਿਸਥਿਤ ਮੰਡਲ | ਵਿਦਿਆਰਥੀਆਂ ਨੂੰ ਸਮੁੰਦਰੀ ਦੁਨੀਆਂ ਦਾ ਧਰਾਤਲ, ਖਾਰਾਪਣ, ਤਾਪਮਾਨ ਧਰਾਵਾਂ, ਲਹਿਰਾਂ ਤੇ ਜਵਾਰਭਾਟੇ ਆਦਿ ਮਹੱਤਵਪੂਰਨ ਵਿਸ਼ਿਆਂ ਬਾਰੇ ਜਾਣਕਾਰੀ ਦੇਣਾ। | • ਧਰਤੀ ਤੇ ਮਹਾਂਦੀਪਾਂ ਅਤੇ ਮਹਾਂਸਾਗਰੀ ਵੰਡ ਨੂੰ ਨਕਸ਼ੇ ਤੇ ਦਰਸਾ ਕੇ ਭਰਵਾਉਣਾ।<br>• ਸਮੁੰਦਰੀ ਧਰਾਤਲ ਦਾ ਚਾਰਟ ਬਣਾਉਣਾ।<br>• ਸਮੰਦਰੀ ਲਹਿਰਾਂ ਦੀ ਰਚਨਾ ਅਤੇ ਜਵਾਰਭਾਟੇ ਦੀ ਇੰਟਰਨੈੱਟ ਤੋਂ ਵੀਡੀਓ ਨੂੰ ਦਰਸਾਉਣਾ। |
| | (ਇਤਿਹਾਸ)<br>ਪਾਠ-4<br>ਆਧੁਨਿਕ ਕਾਲ ਦਾ ਆਰੰਭ | ਆਧੁਨਿਕ ਕਾਲ ਵਿੱਚ ਯੂਰਪ ਵਿੱਚ ਪੁਨਰ ਜਾਗ੍ਰਤੀ, ਧਰਮ ਸੁਧਾਰ, ਨਵੀਂਆਂ ਖੋਜਾਂ ਤੇ ਯਾਤਰਾਵਾਂ ਨੇ ਕਿਸ ਤਰ੍ਹਾਂ ਸੰਸਾਰ ਵਿੱਚ ਬਸਦੀਵਾਦ ਨੂੰ | • ਯੂਰਪ ਵਿੱਚ ਪੁਨਰ ਜਾਗ੍ਰਤੀ ਸਬੰਧੀ ਚਾਰਟ ਤਿਆਰ ਕਰੋ।<br>• ਸੰਸਾਰ ਦੇ ਨਕਸ਼ੇ ਦੇ ਖਾਕੇ ਵਿੱਚ ਨਵੀਆ ਖੋਜਾਂ ਤੇ ਯਾਤਰਾਵਾਂ ਸੰਬਧੀ ਸਥਾਨ ਅੰਕਿਤ ਕਰੋ ਤੇ ਅਭਿਆਸ |

| | | | |
|---|---|---|---|
| | | ਜਨਮ ਦਿੱਤਾ, ਬਾਰੇ ਸਮਝ ਪੈਦਾ ਕਰਨਾ। | ਕਾਪੀ ਤੇ ਪਿਚਕਾਓ।<br>• ਯੂਰਪੀ ਰਾਸ਼ਟਰਾਂ ਦੇ ਉਥਾਨ ਸਬੰਧੀ ਫਲੋ ਚਾਰਟ ਅਭਿਆਸ ਕਾਪੀ ਵਿੱਚ ਬਣਾਓ।<br>• ਯੂਰਪ ਦੇ ਵਪਾਰ, ਖੋਜਾਂ ਤੇ ਬਸਤੀਵਾਦ ਸਬੰਧੀ ਵਿਚਾਰ ਵਟਾਂਦਰਾ ਜਾਂ ਗਰੁੱਪ ਚਰਚਾ ਕਰਵਾਈ ਜਾਵੇ। |
| | (ਅਰਥ ਸ਼ਾਸਤਰ)<br>ਪਾਠ-1<br>ਮੁੱਢਲੀਆਂ ਧਾਰਨਾਵਾਂ (ਪੂਰਨ ਮੁਕਾਬਲਾ ਤੋਂ ਲਾਭ ਤੱਕ)<br>ਲੜੀ ਨੰ: 13 ਤੋਂ 18 ਤੱਕ | ਅਰਥ ਵਿਵਸਥਾ ਨਾਲ ਸਬੰਧਤ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ ਦੇਣਾ। | • ਸਬੰਧਤ ਪ੍ਰੀਭਾਸ਼ਾਵਾਂ ਦਾ ਚਾਰਟ ਤਿਆਰ ਕਰਨਾ। |
| ਅਗਸਤ | (ਭੂਗੋਲ)<br>ਪਾਠ-6<br>ਵਾਯੂਮੰਡਲ ਤੇ ਜੀਵ ਜਗਤ ਦਾ ਪ੍ਰਭਾਵ | ਵਿਦਿਆਰਥੀਆਂ ਵਿੱਚ ਵਾਯੂਮੰਡਲ ਦੀ ਬਣਤਰ ਤੇ ਇਸਦੇ ਖੰਡਾਂ ਸਬੰਧੀ ਸਮਝ ਪੈਦਾ ਕਰਨਾ ਕਿ ਕਿਸ ਤਰ੍ਹਾਂ ਕਿਸੇ ਥਾਂ ਦਾ ਤਾਪਮਾਨ ਕਿੰਨਾਂ ਤੱਤਾਂ ਕਰਕੇ ਪ੍ਰਭਾਵਿਤ ਹੁੰਦਾ ਹੈ। ਵਾਯੂਦਾਬ ਪੇਟੀਆਂ ਬਾਰੇ ਸਮਝ ਪੈਦਾ ਕਰਨਾ। | • ਅਧਿਆਪਕ ਗਲੋਬ ਦੀ ਮੱਦਦ ਨਾਲ ਤਾਪ ਖੰਡ ਸਮਝਾਏਗਾ।<br>• ਤਾਪਮਾਨ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਚਾਰਟ ਜਾਂ ਟੇਬਲ ਤਿਆਰ ਕਰਵਾਇਆ ਜਾਵੇ।<br>• ਵਾਯੂ ਦਾਬ ਪੇਟੀਆਂ ਦਾ ਚਾਰਟ ਬਣਾਇਆ ਜਾਵੇ।<br>• ਅਧਿਆਪਕ ਇੰਟਰਨੈੱਟ ਤੋਂ ਵਿਸ਼ੇ ਨਾਲ ਸਬੰਧਤ (ਵਾਯੂ ਦਾਬ ਤੇ ਤਾਪਮਾਨ) ਵੀਡੀਓ ਦਿਖਾਏਗਾ। |
| | (ਇਤਿਹਾਸ)<br>ਪਾਠ-5<br>ਪਹਿਲਾ ਵਿਸ਼ਵ ਯੁੱਧ | ਪਹਿਲੇ ਵਿਸ਼ਵ ਯੁੱਧ ਦੇ ਕਾਰਨਾਂ ਅਤੇ ਘਟਨਾਵਾਂ ਬਾਰੇ ਜਾਣਕਾਰੀ ਦੇਣਾ। ਉਨ੍ਹਾਂ ਕਾਰਣਾਂ ਅਤੇ ਤੱਥਾਂ ਬਾਰੇ ਸਮਝਾਉਣਾ ਜ਼ੋ ਪਹਿਲੇ ਵਿਸ਼ਵ ਯੁੱਧ ਦਾ ਕਾਰਨ | • ਸੰਸਾਰ ਦੇ ਨਕਸ਼ੇ ਵਿੱਚ ਯੂਰਪ ਵੱਖਰੇ ਰੰਗ ਨਾਲ ਭਰਵਾਇਆ ਜਾਵੇ।<br>• ਯੂਰਪ ਦੇ ਨਕਸ਼ੇ ਵਿੱਚ ਪਹਿਲੇ ਯੁੱਧ ਵਿੱਚ ਭਾਗ ਲੈਣ ਵਾਲੇ ਦੇਸ਼ਾਂ ਨੂੰ ਅੰਕਿਤ ਕੀਤਾ ਜਾਵੇ। |

| | | | |
|---|---|---|---|
| | | ਬਣੇ। | • ਕਲਾਸ ’ਚ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਜਾਵੇ। |
| | (ਨਾਗਰਿਕ ਸ਼ਾਸਤਰ)<br>ਪਾਠ-3<br>ਸਰਕਾਰ ਦੀਆਂ ਕਿਸਮਾਂ | ਸਰਕਾਰ ਦੇ ਵਰਗੀਕਰਨ ਅਧਾਰ ਤੇ ਨਿਰੁੰਕਸ਼ ਅਤੇ ਲੋਕਤੰਤਰੀ ਸਰਕਾਰਾਂ ਬਾਰੇ ਜਾਣਕਾਰੀ ਦੇਣਾ। | • ਸਰਕਾਰਾਂ ਦੇ ਵਰਗੀਕਰਨ ਦਾ ਚਾਰਟ ਬਣਾਉਣਾ। ਵੱਖ-ਵੱਖ ਕਿਸਮਾਂ ਦੀਆਂ ਸਰਕਾਰਾਂ ਸਾਹਮਣੇ ਸੰਸਾਰ ਦੇ ਸਬੰਧਤ ਦੇਸ਼ਾਂ ਦੇ ਨਾਂ ਲਿਖਣੇ। |
| ਸਤੰਬਰ | ਦੁਹਰਾਈ ਅਤੇ ਐਸ.ਏ.-1 | | |
| ਅਕਤੂਬਰ | (ਭੂਗੋਲ)<br>ਅਧਿਆਇ-7<br>ਵਾਯੂਮੰਡਲ ਦੀ ਨਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ | • ਵਿਦਿਆਰਥੀਆਂ ਵਿੱਚ ਜਲਵਾਯੂ ਅਤੇ ਮੌਸਮ ਸਬੰਧੀ ਸਮਝ ਪੈਦਾ ਕਰਨਾ।<br>• ਵਾਯੂਮੰਡਲ ਦੀ ਨਮੀ ਅਤੇ ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਸਬੰਧੀ ਜਾਣਕਾਰੀ ਦੇਣਾ। | • ਜਲ ਚੱਕਰ ਦਾ ਅਭਿਆਸ ਕਾਪੀ ਤੇ ਚਾਰਟ ਤਿਆਰ ਕਰਨਾ।<br>• ਵਰਖਾ ਦੀਆਂ ਕਿਸਮਾਂ ਦਾ ਚਾਰਟ ਤਿਆਰ ਕਰਨਾ ਤੇ ਅਭਿਆਸ ਕਾਪੀ ਤੇ ਚਿੱਤਰ ਬਣਾਉਣਾ।<br>• ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਚਾਰਟ ਜਾਂ ਟੇਬਲ ਤਿਆਰ ਕਰਵਾਇਆ ਜਾਵੇ। |
| | ਅਧਿਆਇ-8<br>ਕੁਦਰਤੀ ਸਾਧਨਾਂ ਦੀ ਸਮੁੱਚੀ ਜਾਣਕਾਰੀ | ਕੁਦਰਤੀ ਸਾਧਨ ਅਤੇ ਇਨ੍ਹਾਂ ਦੀ ਸੰਭਾਲ ਕਿਉਂ ਜ਼ਰੂਰੀ ਹੈ, ਨੂੰ ਸਮਝਾਉਣਾ। | • ਕੁਦਰਤੀ ਸਾਧਨਾਂ ਦਾ ਚਾਰਟ ਤਿਆਰ ਕਰਵਾਇਆ ਜਾਵੇ।<br>• ਕੁਦਰਤੀ ਸਾਧਨਾਂ ਦੀ ਸੰਭਾਲ ਸਬੰਧੀ ਲੇਖ ਮੁਕਾਬਲਾ ਕਰਵਾਇਆ ਜਾਵੇ।<br>• ਕੁਦਰਤੀ ਸਾਧਨ ਜੋ ਕਿ ਆਲੇ-ਦੁਆਲੇ ਹਨ, ਦੀ ਸਾਂਭ-ਸੰਭਾਲ ਸਿਖਾਉਣਾ। |
| | ਇਤਿਹਾਸ:<br>ਅਧਿਆਇ-6<br>1919 ਈ: ਤੋਂ ਦੂਸਰੇ ਵਿਸ਼ਵ ਯੁੱਧ ਤੱਕ ਸੰਸਾਰ | • ਪਹਿਲੇ ਵਿਸ਼ਵ ਯੁੱਧ ਤਂ ਬਾਅਦ ਲਏ ਗਏ ਫੈਸਲੇ ਅਤੇ ਸੰਧੀਆਂ ਨੇ ਕਿਸ ਤਰ੍ਹਾਂ ਸੰਸਾਰ ਨੂੰ ਦੂਜੇ ਵਿਸ਼ਵ ਯੁੱਧ ਦੇ ਵਿਨਾਸ਼ਕਾਰੀ ਸਿੱਟਿਆ | • ਯੂਰਪ ਦੇ ਨਕਸ਼ੇ ਚ ਪਹਿਲੇ ਵਿਸ਼ਵ ਤੋਂ ਬਾਅਦ ਦੇ ਯੂਰਪ ਨੂੰ ਦਿਖਾਉਣਾ।<br>• ਜਮਾਤ ਚ ਯੂਰਪ ਦੇ ਨਕਸ਼ੇ ਦਾ ਅਭਿਆਸ ਕਰਵਾਇਆ ਜਾਵੇ।<br>• ਵੱਖ-ਵੱਖ ਉਪ ਵਿਸ਼ੇ ਸਮਝਾਉਣ ਲਈ ਫਲੈਸ਼ ਕਾਰਡ ਦੀ ਵਰਤੋਂ ਕੀਤੀ ਜਾਵੇ। |

| | | | |
|---|---|---|---|
| | | ਵੱਲ ਧੱਕਿਆ।<br>• ਪਹਿਲੇ ਵਿਸ਼ਵ ਯੁੱਧ ਚ ਬੀਜੇ ਗਏ ਬੀਜ ਦੂਜੇ ਵਿਸ਼ਵ ਯੁੱਧ ਵੱਢੇ ਗਏ। | • ਸੰਧੀਆਂ ਦਾ ਚਾਰਟ ਤਿਆਰ ਕੀਤਾ ਜਾਵੇ। |
| | ਨਾਗਰਿਕ ਸ਼ਾਸਤਰ:<br>ਅਧਿਆਇ–4<br>ਸਥਾਨਕ ਸਰਕਾਰ (ਪੈਂਡੂ ਅਤੇ ਸ਼ਹਿਰੀ) | ਵਿਦਿਆਰਥੀਆਂ ਵਿੱਚ ਸਥਾਨਕ ਪ੍ਰਬੰਧ ਕਿਸ ਤਰ੍ਹਾਂ ਚਲਦੇ ਹਨ, ਬਾਰੇ ਸਮਝ ਪੈਦਾ ਕਰਨਾ। | ▪ ਚਾਰਟ ਬਣਾਏ ਜਾਣ।<br>▪ ਫਲੈਸ਼ ਕਾਰਡ ਦੀ ਵਰਤੋਂ ਕੀਤੀ ਜਾ ਸਕਦੀ ਹੈ।<br>▪ ਫਲੋ ਚਾਰਟ ਹਰ ਵਿਦਿਆਰਥੀ ਦੀ ਅਭਿਆਸ ਕਾਪੀ ਤੇ ਬਣਾਇਆ ਜਾਵੇ।<br>▪ ਵਿਦਿਆਰਥੀਆਂ ਨੂੰ ਆਪਣੀ ਪਚਾਇਤ, ਜਿਲਾ ਪ੍ਰੀਸ਼ਦ ਅਤੇ ਮਿਊਸਪਲ ਕਮੇਟੀ ਦੇ ਮੈਂਬਰਾਂ ਦੇ ਨਾਲ ਲਿਖਣ ਲਈ ਕਿਹਾ ਜਾਵੇ। |
| ਨਵੰਬਰ | ਭੂਗੋਲ:<br>ਅਧਿਆਇ–9<br>ਭੂਮੀ ਸਾਧਨਾਂ ਦੀ ਵਰਤੋਂ ਕਰਕੇ ਜੀਵ–ਜਗਤ ਤੇ ਅਸਰ ਅਤੇ ਸੰਭਾਲ | ਭੂਮੀ ਦੀ ਸਾਧਨ ਦੇ ਰੂਪ ਚ ਵਰਤੋਂ, ਭੂਮੀ ਦੀ ਸੰਭਾਲ ਸਬੰਧੀ ਸਮਝ ਪੈਦਾ ਕਰਨਾ ਕਿ ਇਹ ਸੰਭਾਲ ਕਿਉਂ ਜ਼ਰੂਰੀ ਹੈ। ਇਹ ਸੰਭਾਲ ਕਿਸ ਤਰ੍ਹਾਂ ਕੀਤੀ ਜਾਵੇ, ਬਾਰੇ ਸਮਝ ਪੈਦਾ ਕਰਨਾ। | ▪ ਵਣਾਂ ਦੀ, ਪਾਣੀ ਦੀ ਅਤੇ ਜੰਗਲਾਂ ਦੀ ਸੰਭਾਲ ਸਬੰਧੀ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਜਾਵੇ।<br>▪ ਵੱਖ–ਵੱਖ ਚਾਰਟ ਤਿਆਰ ਕਰਵਾਏ ਜਾਣ।<br>▪ ਵਣਾ ਦੀ ਸੰਭਾਲ ਸਬੰਧੀ ਲੇਖ ਮੁਕਾਬਲਾ ਕਰਵਾਇਆ ਜਾਵੇ। |
| | ਭੂਗੋਲ:<br>ਅਧਿਆਇ–10<br>ਮੁੱਕਣਯੋਗ ਖਣਿਜ ਪਦਾਰਥ ਅਤੇ ਸ਼ਕਤੀ | ਮੁੱਕਣਯੋਗ ਖਣਿਜ ਪਦਾਰਥਾ ਬਾਰੇ ਜਾਣਕਾਰੀ ਦੇਣਾ ਅਤੇ ਇਨ੍ਹਾਂ ਸੰਭਾਲ ਤੇ ਯੋਗ ਵਰਤੋਂ ਸਬੰਧੀ ਜਾਣਕਾਰੀ ਦੇਣਾ। | ਸੰਸਾਰ ਦੇ ਨਕਸ਼ੇ ਚ ਖਣਿਜ ਪਦਾਰਥਾ ਦੇ ਖੇਤਰ, ਸ਼ਕਤੀ ਸਾਧਨਾ ਦੇ ਖੇਤਰ ਪੈਟਰੋਲੀਅਮ ਖੇਤਰ, ਕੁਦਰਤੀ ਗੈਸ ਖੇਤਰ ਅੰਕਿਤ ਕਰਵਾਏ ਜਾਣ ਤੇ ਨਕਸ਼ੇ |

| | | | |
|---|---|---|---|
| | ਸਾਧਨਾਂ ਦੀ ਸੁਰੱਖਿਆ ਅਤੇ ਸੰਭਾਲ | | ਅਭਿਆਸ ਕਾਪੀ ਤੇ ਲਗਾਏ ਜਾਣ।<br><br>ਸੰਸਾਰ ਦੇ ਨਕਸ਼ੇ ਦੀ ਮਦਦ ਨਾਲ ਹੀ ਵਿਸ਼ਾ ਵਸਤੂ ਸਮਝਾਇਆ ਜਾਵੇ। |
| | ਇਤਿਹਾਸ:<br><br>ਅਧਿਆਇ-7<br><br>ਦੂਜੇ ਵਿਸ਼ਵ ਯੁੱਧ ਤੋਂ ਪਿੱਛੋਂ ਦਾ ਸੰਸਾਰ | 1. ਵਿਦਿਆਰਥੀ 'ਚ ਸਮਝ ਪੈਦਾ ਕਰਨਾ ਕਿ ਦੂਜੇ ਵਿਸ਼ਵ ਯੁੱਧ ਨਾਲ ਸੰਸਾਰ ਦੇ ਦੇਸ਼ਾਂ ਅਤੇ ਮਨੁੱਖਤਾ ਦਾ ਕਿਸ ਤਰ੍ਹਾਂ ਵਿਨਾਸ਼ ਹੋਇਆ।<br><br>2. ਸੰਸਾਰ ਵਿੱਚ ਕਮਿਊਨਿਸਟਗੁਟ ਅਤੇ ਨਾਟੋ ਦਾ ਉਥਾਨ ਕਿਸ ਤਰ੍ਹਾ ਹੋਇਆ।<br><br>3. ਨਵੀਆਂ ਵਿਚਾਰਧਾਰਾਵਾਂ ਨੇ ਕਿਸ ਤਰ੍ਹਾਂ ਏਸ਼ੀਆਂ, ਅਫਰੀਕਾ ਵਿੱਚ ਅਜ਼ਾਦੀ ਲਈ ਸੰਘਰਸ਼ ਸ਼ੁਰੂ ਹੋਏ ਬਾਰੇ ਜਾਣਕਾਰੀ ਦੇਣਾ। | • ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਦਾ ਯੂਰਪ ਦਾ ਨਕਸ਼ਾ ਦਿਖਾਉਣਾ।<br>• ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅਤੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਦੇ ਯੂਰਪ ਦੇ ਨਕਸ਼ੇ ਦਾ ਤੁਲਨਾਤਮਕ ਅਧਿਐਨ ਕਰਨਾ।<br>• ਕਲਾਸ ਵਿੱਚ ਵਿਚਾਰ ਚਰਚਾ ਕਰਵਾਈ ਜਾਵੇ। |
| | ਅਰਥ ਸ਼ਾਸਤਰ:<br><br>ਅਧਿਆਇ-2<br><br>ਅਰਥ ਵਿਵਸਥਾ- ਇਕ ਪਛਾਣ ਅਤੇ ਕਿਸਮਾਂ | ਅਰਥ ਸ਼ਾਸਤਰ ਅਤੇ ਵੱਖ-ਵੱਖ ਅਰਥ ਵਿਵਸਥਾਵਾਂ ਸਬੰਧੀ ਜਾਣਕਾਰੀ ਦੇਣਾ, ਅਰਥ ਸ਼ਾਸਤਰ ਵਰਤੇ ਜਾਂਦੇ ਸ਼ਬਦਾਂ ਦੇ ਅਰਥਾ ਤੋਂ ਜਾਣੂ ਕਰਵਾਉਣਾ। | • ਅਧਿਆਪਕ ਵਿਦਿਆਰਥੀਆਂ ਨੂੰ ਇੰਟਰਨੈੱਟ ਦੀ ਮਦਦ ਨਾਲ ਸੰਸਾਰ ਦੇ ਪੂੰਜੀਵਾਦੀ ਅਰਥ ਵਿਵਸਥਾ, ਸਮਾਜਵਾਦੀ ਅਰਥ ਵਿਵਸਥਾ ਦੇ ਅਤੇ ਮਿਸ਼ਰਤ ਅਰਥ ਵਿਵਸਥਾ ਦੇ ਦੇਸ਼ਾਂ ਦਾ ਨਾਂ ਲਿਖਣ ਨੂੰ ਕਹੇਗਾ।<br>• ਪੂੰਜੀਵਾਦੀ ਅਰਥ ਵਿਵਸਥਾ, ਸਮਾਜਵਾਦੀ ਅਰਥ ਵਿਵਸਥਾ ਤੇ ਮਿਸ਼ਰਤ ਅਰਥ ਵਿਵਸਥਾ ਦਾ ਤੁਲਨਾਤਮਕ ਚਾਰਟ |

| | | | |
|---|---|---|---|
| | | | ਤਿਆਰ ਕਰੋ। |
| ਦਸੰਬਰ | ਅਧਿਆਇ-11<br><br>ਮਨੁੱਖੀ ਸਾਧਨਾਂ ਦਾ ਸਮੁੱਚੇ ਪਰਿਸਥਿਤ ਮੰਡਲ ਤੇ ਪ੍ਰਭਾਵ | ਮਨੁੱਖੀ ਸਾਧਨ (ਵਸੋਂ) ਦੇ ਵਾਧੇ ਪ੍ਰਭਾਵ ਅਤੇ ਵਸੋਂ ਦੀ ਸਾਧਨ ਦੇ ਵਜੋਂ ਯੋਗ ਵਰਤੋਂ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ਇਸ ਸਬੰਧੀ ਸਮਝ ਪੈਦਾ ਕਰਨਾ। | • ਅਧਿਆਪਕ ਜਮਾਤ ਚ ਸੰਸਾਰ ਦੇ ਨਕਸ਼ੇ ਤੇ ਵੱਧ ਵਸੋਂ ਘਣਤਾ ਤੇ ਘੱਟ ਵਸੋਂ ਘਣਤਾ ਦੇ ਖੇਤਰਾਂ ਨੂੰ ਅੰਕਿਤ ਕਰਵਾਏਗਾ ਅਤੇ ਨਕਸ਼ਾ ਅਭਿਆਸ ਕਾਪੀ ਤੇ ਚਿਪਕਾਇਆ ਜਾਵੇਗਾ।<br>• ਭੋਜਨ ਚੱਕਰ ਦਾ ਚਾਰਟ ਤਿਆਰ ਕੀਤਾ ਜਾਵੇ। |
| | ਅਧਿਆਇ-8<br><br>ਭਾਰਤੀ ਜਾਗ੍ਰਤੀ | ਵਿਦਿਆਰਥੀਆਂ ਵਿੱਚ ਇਹ ਸਮਝ ਪੈਦਾ ਕਰਨਾ ਕਿ<br><br>1. ਕੋਈ ਵੀ ਘਟਨਾ ਜਿਵੇਂ ਭਾਰਤ ਦੀ ਅਜ਼ਾਦੀ ਇੱਕ ਦਿਨ ਚ ਨਹੀਂ ਹੋਈ ਸਗੋਂ ਇਸ ਦੇ ਪਿੱਛੇ 1857 ਈ: ਤੋਂ ਲੈ ਕੇ 1947 ਈ: ਤੱਕ ਦੀਆਂ ਘਟਨਾਵਾਂ ਦਾ ਸਿੱਟਾ ਸੀ।<br><br>2. ਸੰਸਾਰ ਚ ਲੋਕਤੰਤਰ ਦੀ ਰੱਖਿਆ ਲਈ ਹੋਏ ਯੁੱਧਾਂ ਦਾ ਅਸਰ ਭਾਰਤੀ ਲੋਕਾਂ 'ਚ ਰਾਸ਼ਟਰੀ ਜਾਗ੍ਰਤੀ ਪੈਦਾ ਹੋਣ ਦਾ ਕਾਰਨ ਬਣੀ। | • ਸਮਾਜਿਕ ਸੁਧਾਰ ਲਹਿਰਾ ਦਾ ਚਾਰਟ ਤਿਆਰ ਕਰਨਾ।<br>• ਵੱਖ-ਵੱਖ ਕੁਰਤੀਆਂ ਦਾ ਤੁਲਨਾਤਮਕ ਚਾਰਟ ਤਿਆਰ ਕਰਨਾ।<br>• ਕਲਾਸ ਨੂੰ ਦੋ ਭਾਗਾਂ ਚ ਵੰਡ ਕੇ ਅਧਿਆਪਕ ਕਿਸੇ ਵੀ ਵਿਸ਼ੇ ਤੇ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾ ਸਕਦਾ ਹੈ।<br>• ਸੰਭਵ ਹੋ ਸਕੇ ਤਾਂ ਫਿਲਮ "ਮੰਗਲ ਪਾਂਡੇ" ਦਿਖਾਈ ਜਾਵੇ। |
| | ਨਾਗਰਿਕ ਸ਼ਾਸਤਰ:<br><br>ਅਧਿਆਇ-5 | ਵਿਦਿਆਰਥੀਆਂ 'ਚ ਸਮਝ ਪੈਦਾ ਕਰਨਾ ਕਿ ਭਾਰਤ ਨੂੰ ਇੱਕ ਰਾਸ਼ਟਰ ਦੇ ਤੌਰ ਤੇ | • ਵੱਖ-ਵੱਖ ਸੱਮਸਿਆਵਾ ਦਾ ਤੁਲਨਾਤਮਕ ਚਾਰਟ<br>• ਫਲੋ-ਚਾਰਟ। |

| | | | |
|---|---|---|---|
| | ਭਾਰਤ ਇੱਕ ਰਾਸ਼ਟਰ | ਕਿਹੜੀਆ-ਕਿਹੜੀਆਂ ਸੱਮਸਿਆਵਾਂ ਹਨ। ਇਹ ਸਮਝ ਪੈਦਾ ਕਰਨਾ ਕਿ ਵਿਦਿਆਰਥੀ ਇਨ੍ਹਾਂ ਸੱਮਸਿਆਵਾਂ ਨੂੰ ਘੱਟ ਜਾਂ ਖਤਮ ਕਿਸ ਤਰ੍ਹਾਂ ਕਰ ਸਕਦੇ ਸਨ ਤਾਂ ਜੋ ਸਾਡਾ ਭਾਰਤ ਉਨਤੀ ਕਰ ਸਕੇ। | • ਅਧਿਆਪਕ ਕਲਾਸ ਇੱਕ-ਇੱਕ ਸਮੱਸਿਆ ਨੂੰ ਲੈ ਕੇ ਕਲਾਸ ਚ ਵਿਚਾਰ-ਵਟਾਦਰਾ ਕਰਵਾ ਸਕਦਾ ਹੈ। |
| ਜਨਵਰੀ | ਭੂਗੋਲ:<br>ਅਧਿਆਇ-12<br>ਸੰਸਾਰ ਕੁਦਰਤੀ ਖੰਡ | ਸੰਸਾਰ ਦੇ ਵੱਖ-ਵੱਖ ਖੰਡਾਂ ਬਾਰੇ ਜਾਣਕਾਰੀ ਦੇਣਾ। ਇਹ ਸਮਝ ਪੈਦਾ ਕਰਨਾ ਕਿ ਇਸ ਤਰ੍ਹਾਂ ਵੱਖ-ਵੱਖ ਜਲਵਾਯੂ ਤੇ ਬਨਸਪਤੀ ਮਨੁੱਖੀ ਜੀਵਨ ਅਤੇ ਜੀਵ ਜਗਤ ਨੂੰ ਪ੍ਰਭਾਵਿਤ ਕਰਦੀ ਹੈ। | ▪ ਸੰਸਾਰ ਦੇ ਨਕਸ਼ੇ ਵਿੱਚ ਐਮਜ਼ੋਨ ਬੇਸਿਨ, ਕੈਪੇਜ਼, ਐਟੇਕਾਮਾ ਮਾਰੂਥਲ, ਪੰਪਾਜ ਘਾਹ ਖੇਤਰ, ਆਸਟ੍ਰੇਲੀਆ ਦਾ ਰੂਮ ਸਾਗਰੀ ਪ੍ਰਦੇਸ਼ ਵੱਖ-ਵੱਖ ਰੰਗਾਂ ਨਾਲ ਅੰਕਿਤ ਕੀਤਾ ਜਾਵੇ।<br>▪ ਵੱਖ-ਵੱਖ ਖੰਡਾਂ ਦੀਆਂ ਤਸਵੀਰਾਂ ਇੱਕਠੀਆਂ ਕਰਨ ਨੂੰ ਕਿਹਾ ਜਾਵੇ।<br>▪ ਵੱਖ-ਵੱਖ ਖੰਡਾਂ ਦੇ ਚਿੱਤਰ ਬਣਾਏ ਜਾਣ। |
| | ਭੂਗੋਲ:<br>ਅਧਿਆਇ-13<br>ਆਫਤਾਂ-ਪ੍ਰਬੰਧਨ | ਕੁਦਰਤੀ ਤੇ ਮਨੁੱਖ ਦੁਆਰਾ ਲਿਆਦੀਆਂ ਆਫਤਾਂ ਬਾਰੇ ਜਾਣਕਾਰੀ ਦੇਣਾ।<br>ਇਹ ਸਮਝ ਪੈਦਾ ਕਰਨ ਕਿ ਕਿਸੇ ਵੀ ਆਫਤ ਦੇ ਸਮੇਂ ਕਿਵੇਂ ਬਚਣਾ ਅਤੇ ਦੂਜਿਆਂ ਦੀ ਮਦਦ ਕਿਸ ਤਰ੍ਹਾਂ ਕਰ ਸਕਦੇ ਹਾਂ। | • ਵੱਖ-ਵੱਖ ਆਫਤਾਂ ਦੀਆਂ ਤਸਵੀਰਾਂ ਇੱਕਠੀਆਂ ਕਰਵਾਈਆ ਜਾਣ।<br>• ਕਲਾਸ 'ਚ ਵਿਚਾਰ ਚਰਚਾ ਕੀਤੀ ਜਾਵੇ ਕਿਸ ਆਫਤ ਸਮੇਂ ਕਿਸ ਤਰ੍ਹਾਂ ਬਚਾਅ ਕੀਤਾ ਜਾਵੇ।<br>• ਕਿਸੇ ਆਫਤ ਸਬੰਧੀ ਮੌਕ-ਡ੍ਰਿਲ (Mock-drill) ਕਰਵਾਈ ਜਾਵੇ। |
| | ਇਤਿਹਾਸ: | ਕਿਸ ਤਰ੍ਹਾਂ ਜਾਗ੍ਰਤੀ ਆਉਣ ਤੋਂ | • ਵੱਖ-ਵੱਖ ਅੰਦੋਲਨਾ ਦਾ ਚਾਰਟ ਤਿਆਰ |

| | | | |
|---|---|---|---|
| | ਅਧਿਆਇ-9<br>ਭਾਰਤ ਦਾ ਸੁਤੰਤਰਤਾ ਸੰਗਰਾਮ | ਬਾਅਦ ਭਾਰਤੀ ਸੁਤੰਤਰਤਾ ਸੰਗਰਾਮ ਤੇਜ਼ ਹੋ ਗਿਆ ਅਤੇ ਆਮ ਆਦਮੀ ਨੇ ਕਿਸ ਤਰ੍ਹਾਂ ਵੱਖ-ਵੱਖ ਲਹਿਰਾ ਅਤੇ ਅੰਦੋਲਨਾ ਚ ਭਾਗ ਲਿਆ ਅਤੇ ਸਿੱਟੇ ਵਜੋਂ ਭਾਰਤ ਨੂੰ ਅਜ਼ਾਦੀ ਮਿਲੀ। | ਕਰਨਾ।<br>• ਅਧਿਆਪਕ ਕਹਾਣੀ ਵਿਧੀ ਨਾਲ ਵਿਸ਼ਾ ਸਮਝਾ ਸਕਦਾ ਹੈ।<br>• ਫਲੈਸ਼ ਕਾਰਡ<br>• ਵਿਚਾਰ ਚਰਚਾ ਕਲਾਸ ਚ ਕਰਵਾਈ ਜਾਵੇ। |
| | ਅਰਥ ਸ਼ਾਸਤਰ:<br>ਅਧਿਆਇ-3<br>ਭਾਰਤੀ ਅਰਥ ਵਿਵਸਥਾ ਦਾ ਵਰਨਣ | ਭਾਰਤੀ ਅਰਥ ਵਿਵਸਥਾ ਨੂੰ ਸਮਝਣਾ।<br>ਵਿਦਿਆਰਥੀਆ ਨੂੰ ਸਮਝਾਉਣਾ ਕਿ ਰਾਸ਼ਟਰੀ ਆਮਦਨ ਦੇ ਵਾਧੇ ਚ ਆਮ ਆਦਮੀ ਦਾ ਯੋਗਦਾਨ ਅਤੇ ਵਿਕਾਸ ਚ ਆਉਣ ਵਾਲੀਆਂ ਰੁਕਾਵਟਾਂ ਅਤੇ ਉਨ੍ਹਾਂ ਸਾਧਨਾ ਦੀ ਯੋਗ ਵਰਤੋਂ ਸਬੰਧੀ ਜਾਣਕਾਰੀ। | • ਨਿਊਮੈਰਿਕਲ, ਚਾਰਟ ਅਤੇ ਤਸਵੀਰਾਂ ਨਾਲ ਅਧਿਆਇ ਸਮਝਾਇਆ ਜਾਵੇ।<br>• ਵਿਦਿਆਰਥੀ ਨੂੰ ਬੈਂਕ ਚ ਲੈ ਕੇ ਜਾਇਆ ਜਾਵੇ ਜਿੱਥੇ ਉਹ ਵੱਖ-ਵੱਖ ਤਰ੍ਹਾਂ ਦੀਆਂ ਕਿਰਿਆਵਾਂ ਨੂੰ ਨੋਟ ਕਰਨ। |

| | | | |
|---|---|---|---|
| ਫਰਵਰੀ | ਨਾਗਰਿਕ ਸ਼ਾਸਤਰ:<br>ਅਧਿਆਇ-6<br>ਵਾਤਾਵਰਨ ਕਦਰਾਂ ਅਤੇ ਮਨੁੱਖੀ ਸਦਾਚਾਰ | ਇਹ ਸਮਝ ਪੈਦਾ ਕਰਨਾ ਕਿ ਕਿਸ ਤਰ੍ਹਾਂ ਵਾਤਾਵਰਨ ਸਮਾਜ ਤੇ ਅਤੇ ਸਮਾਜ ਵਾਤਾਵਰਨ ਤੇ ਪ੍ਰਭਾਵ ਪਾਉਂਦੇ ਹਨ। ਵਾਤਾਵਰਨ ਦੀ ਸੰਭਾਲ ਦੀ ਲੋੜ ਕਿਉਂ ਹੈ ਅਤੇ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਿਸ ਤਰ੍ਹਾਂ ਸਮਾਜਿਕ ਵਾਤਾਵਰਨ ਨੂੰ ਪ੍ਰਭਾਵਿਤ ਕਰਦੀ ਹੈ। | • ਚਾਰਟ ਤਿਆਰ ਕਰਨਾ।<br>• ਅਭਿਆਸ ਕਾਪੀ ਤੇ ਫਲੋ ਚਾਰਟ ਤਿਆਰ ਕਰਵਾਇਆ ਜਾਵੇ।<br>• ਬੱਚਿਆਂ ਚ ਭਾਸ਼ਣ ਮੁਕਾਬਲੇ ਕਰਵਾਏ ਜਾਣ। ਔਰਤਾ ਤੇ ਬੱਚਿਆ ਦੇ ਅਧਿਕਾਰਾ ਸਬੰਧੀ। |